# ਪਸ਼ੂਆਂ ਪ੍ਰਤੀ ਔਤਿਆਚਾਰ ਦੀ ਰੋਕਥਾਮ (ਪੰਜਾਬ ਸੋਧ) ਬਿੱਲ, 2025

2025 ਦਾ ਪੰਜਾਬ ਬਿੱਲ ਨੰ. 16-ਪੀ.ਐੱਲ.ਏ.

ਇਕ ਬਿਲ

ਜੋ ਪੰਜਾਬ ਰਾਜ ਵਿੱਚ ਲਾਗੂ ਹੋਣ ਵਾਲੇ ਪਸ਼ੂਆਂ ਪ੍ਰਤੀ ਔਤਿਆਚਾਰ ਦੀ ਰੋਕਥਾਮ ਐਕਟ, 1960 ਵਿੱਚ ਹੋਰ ਸੋਧ ਕਰਦਾ ਹੈ।

ਇਸ ਐਕਟ ਨੂੰ ਭਾਰਤੀ ਗਣਰਾਜ ਦੇ 76ਵੇਂ ਸਾਲ ਵਿੱਚ ਪੰਜਾਬ ਰਾਜ ਦੀ ਵਿਧਾਨ ਸਭਾ ਦੁਆਰਾ ਹੇਠ ਲਿਖੇ ਅਨੁਸਾਰ ਲਾਗੂ ਕੀਤਾ ਜਾਵੇ:-

ਸੰਖੇਪ ਸਿਰਲੇਖ ਅਤੇ ਅਰੰਭ.

1. (1) ਇਸ ਐਕਟ ਨੂੰ ਪਸ਼ੂਆਂ ਪ੍ਰਤੀ ਔਤਿਆਚਾਰ ਦੀ ਰੋਕਥਾਮ (ਪੰਜਾਬ ਸੋਧ) ਐਕਟ, 2025 ਕਿਹਾ ਜਾਵੇਗਾ।

(2) ਇਹ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੋਣ ਦੀ ਮਿਤੀ ਤੋਂ ਪ੍ਰਭਾਵੀ ਅਤੇ ਲਾਗੂ ਹੋਵੇਗਾ।

1960 ਦੇ ਕੇਂਦਰੀ ਐਕਟ 59 ਦੀ ਧਾਰਾ 2 ਵਿੱਚ ਸੋਧ।

2. ਪਸ਼ੂਆਂ ਪ੍ਰਤੀ ਔਤਿਆਚਾਰ ਦੀ ਰੋਕਥਾਮ ਐਕਟ, 1960 (ਇਸ ਤੋਂ ਬਾਅਦ ਪ੍ਰਿੰਸੀਪਲ ਐਕਟ ਵਜੋਂ ਜਾਣਿਆ ਜਾਵੇਗਾ), ਦੀ ਧਾਰਾ 2 ਵਿੱਚ, ਪੰਜਾਬ ਰਾਜ ਵਿੱਚ ਲਾਗੂ ਹੋਣ ਦੇ ਸਬੰਧ ਵਿਚ, ਧਾਰਾ (ਬੀ) ਤੋਂ ਬਾਅਦ, ਹੇਠ ਲਿਖੀ ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ:-

"(ਬੀਬੀ) " *ਬੈਲਗੱਡੀ ਦੌੜ" ਤੋਂ ਭਾਵ ਹੈ ਇੱਕ ਰਵਾਇਤੀ ਖੇਡ ਵਜੋਂ ਬੈਲਗੱਡੀ ਦੀ ਕੋਈ ਵੀ ਦੌੜ ਜਿਸ ਵਿੱਚ ਬੈਲਾਂ ਨੂੰ ਇੱਕ ਬੈਲਗੱਡੀ ਨਾਲ ਜੋੜਿਆ ਜਾਂਦਾ ਹੈ, ਜੋ ਆਮ ਤੌਰ 'ਤੇ ਪੰਜਾਬ ਰਾਜ ਵਿੱਚ ਪਰੰਪਰਾ ਅਤੇ ਸੱਭਿਆਚਾਰ ਦੇ ਹਿੱਸੇ ਵਜੋਂ ਅਜਿਹੀ ਨਿਰਧਾਰਤ ਜਗ੍ਹਾ 'ਤੇ ਆਯੋਜਿਤ ਕੀਤੀ ਜਾਂਦੀ ਹੈ, ਜਿਸ ਨੂੰ ਨਿਰਧਾਰਤ ਸਮਰੱਥ ਅਥਾਰਟੀ ਦੁਆਰਾ ਅਧਿਕਾਰਤ ਕੀਤਾ ਗਿਆ ਹੋਵੇ।*"

1960 ਦੇ ਕੇਂਦਰੀ ਐਕਟ 59 ਦੀ ਧਾਰਾ 3 ਵਿੱਚ ਸੋਧ।

3. ਪ੍ਰਿੰਸੀਪਲ ਐਕਟ ਵਿੱਚ, ਧਾਰਾ 3 ਵਿੱਚ, ਉਪ-ਧਾਰਾ (2) ਦੀ ਥਾਂ, ਹੇਠ ਲਿਖੀ ਉਪ-ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ:-

"(2) *ਉਪ-ਧਾਰਾ* (1) *ਵਿੱਚ ਕੁਝ ਵੀ ਸ਼ਾਮਲ ਹੋਣ ਦੇ ਬਾਵਜੂਦ, ਕਿਲਾ ਰਾਏਪੁਰ ਪੇਂਡੂ ਖੇਡ ਸਮਾਗਮ ਜਾਂ ਜ਼ਿਲ੍ਹੇ ਵਿੱਚ ਸਮਰੱਥ ਅਧਿਕਾਰੀ ਦੁਆਰਾ ਅਧਿਕਾਰਤ ਕਿਸੇ ਵੀ ਨਿਰਧਾਰਤ ਸਥਾਨ 'ਤੇ ਬੈਲ ਗੱਡੀਆਂ ਦੀ ਦੌੜ ਦੇ ਆਯੋਜਨ ਦੀ ਇਜਾਜ਼ਤ ਅਜਿਹੇ ਨਿਯਮਾਂ ਦੇ ਅਧੀਨ ਹੋਵੇਗੀ, ਜੋ ਰਾਜ ਸਰਕਾਰ ਦੁਆਰਾ ਬਣਾਏ ਗਏ ਹੋਣ।*"

1960 ਦੇ ਕੇਂਦਰੀ ਐਕਟ 59 ਦੀ ਧਾਰਾ 11 ਵਿੱਚ ਸੋਧ।

4. ਪ੍ਰਿੰਸੀਪਲ ਐਕਟ ਦੀ ਧਾਰਾ 11 ਦੀ ਉਪ-ਧਾਰਾ (3) ਵਿੱਚ, ਕਲਾਜ਼ (ਐਫ) ਵਿੱਚ, ਚਿੰਨ੍ਹ "." ਦੇ ਸਥਾਨ ਤੇ, ਚਿੰਨ੍ਹ ਅਤੇ ਸ਼ਬਦ "; ਜਾਂ" ਵਰਤੇ ਜਾਣਗੇ ਅਤੇ ਇਸ ਤੋਂ ਬਾਅਦ ਹੇਠ ਲਿਖੀ ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ: -

"(ਜੀ) *ਪਰੰਪਰਾ ਅਤੇ ਸੱਭਿਆਚਾਰ ਦੀ ਪਾਲਣਾ ਅਤੇ ਪ੍ਰਫੁੱਲਤ ਕਰਨ ਅਤੇ ਪਸ਼ੂਆਂ ਦੀਆਂ ਦੇਸੀ ਨਸਲਾਂ ਦੀ ਸਾਂਭ-ਸੰਭਾਲ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ, ਨਿਰਧਾਰਤ ਸਥਾਨ 'ਤੇ ਬੈਲਗੱਡੀਆਂ ਦੀ ਦੌੜ ਦਾ ਆਯੋਜਨ।*".

5. ਪ੍ਰਿੰਸੀਪਲ ਐਕਟ ਵਿੱਚ, ਧਾਰਾ 22 ਵਿੱਚ, ਕਲਾੱਜ਼ (ii) ਵਿੱਚ, ਮੌਜੂਦਾ ਉਪਬੰਧ ਨੂੰ ਲਈ, ਹੇਠ ਦਿੱਤੇ ਉਪਬੰਧ ਨਾਲ ਬਦਲਿਆ ਜਾਵੇਗਾ, ਅਰਥਾਤ:-

1960 ਦੇ ਕੇਂਦਰੀ ਐਕਟ 59 ਦੀ ਧਾਰਾ 22 ਵਿੱਚ ਸੋਧ।

*"ਬਸ਼ਰਤੇ ਕਿ ਇਸ ਧਾਰਾ ਵਿੱਚ ਸ਼ਾਮਲ ਕੁਝ ਵੀ ਕਿਲਾ ਰਾਇਪੁਰ ਪੇਂਡੂ ਖੇਡ ਸਮਾਗਮ ਵਿੱਚ, ਜਾਂ ਕਿਸੇ ਵੀ ਨਿਰਧਾਰਤ ਸਥਾਨ'ਤੇ, ਬੈਲ ਗੱਡੀਆਂ ਦੀ ਦੌੜ ਦੇ ਆਯੋਜਨ'ਤੇ ਲਾਗੂ ਨਹੀਂ ਹੋਵੇਗਾ".*

6. ਪ੍ਰਿੰਸੀਪਲ ਐਕਟ ਦੀ ਧਾਰਾ 27 ਵਿੱਚ, ਕਲਾੱਜ਼ (ਸੀ) ਵਿੱਚ, ਚਿੰਨ੍ਹ ".", ਦੇ ਸਥਾਨ ਤੇ, ਚਿੰਨ੍ਹ ਅਤੇ ਸ਼ਬਦ "; ਜਾਂ" ਵਰਤੇ ਜਾਣਗੇ ਅਤੇ ਇਸ ਤੋਂ ਬਾਅਦ ਹੇਠ ਲਿਖੀ ਧਾਰਾ ਸ਼ਾਮਲ ਕੀਤੀ ਜਾਵੇਗੀ, ਅਰਥਾਤ: -

1960 ਦੇ ਕੇਂਦਰੀ ਐਕਟ 59 ਦੀ ਧਾਰਾ 27 ਵਿੱਚ ਸੋਧ।

"(ਡੀ) *ਪਰੰਪਰਾ ਅਤੇ ਸੱਭਿਆਚਾਰ ਦੀ ਪਾਲਣਾ ਅਤੇ ਪ੍ਰਫੁਲੱਤ ਕਰਨ ਅਤੇ ਪਸ਼ੂਆਂ ਦੀਆਂ ਦੇਸੀ ਨਸਲਾਂ ਦੀ ਹੋਂਦ ਅਤੇ ਨਿਰੰਤਰਤਾ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਨਿਰਧਾਰਤ ਸਥਾਨ ਤੇ ਬੈਲਗੱਡੀਆਂ ਦੀ ਦੌੜ ਦਾ ਆਯੋਜਨ।"*

7. ਪ੍ਰਿੰਸੀਪਲ ਐਕਟ ਵਿੱਚ, ਧਾਰਾ 28-ਏ ਲਈ, ਹੇਠ ਲਿਖੀ ਧਾਰਾ ਨੂੰ ਬਦਲਿਆ ਜਾਵੇਗਾ, ਅਰਥਾਤ: -

1960 ਦੇ ਕੇਂਦਰੀ ਐਕਟ 59 ਦੀ ਧਾਰਾ 28-ਏ ਨੂੰ ਬਦਲਣਾ।

"28-ਏ. ***ਇਸ ਐਕਟ ਵਿੱਚ ਸ਼ਾਮਲ ਕੁਝ ਵੀ ਕਿਲਾ ਰਾਏਪੁਰ ਪੇਂਡੂ ਖੇਡ ਸਮਾਗਮਾਂ ਵਿੱਚ ਜਾਂ ਨਿਰਧਾਰਤ ਸਥਾਨ'ਤੇ ਕਰਵਾਈ ਜਾਣ ਵਾਲੀ ਬੈਲਗੱਡੀਆਂ ਦੀ ਦੌੜ'ਤੇ ਲਾਗੂ ਨਹੀਂ ਹੋਵੇਗਾ ਜੋ ਪਰੰਪਰਾ ਅਤੇ ਸੱਭਿਆਚਾਰ ਦੀ ਪਾਲਣਾ ਅਤੇ ਪ੍ਰਫੁੱਲਤ ਕਰਨ ਲਈ ਕਰਵਾਈ ਜਾਂਦੀ ਹੈ ਅਤੇ ਬੈਲਗੱਡੀਆਂ ਦੀ ਦੌੜ ਦਾ ਅਜਿਹਾ ਆਯੋਜਨ ਇਸ ਐਕਟ ਅਧੀਨ ਅਪਰਾਧ ਨਹੀਂ ਹੋਵੇਗਾ".***

ਬੈਲ-ਗੱਡੀਆਂ ਦੀ ਦੌੜ ਦੇ ਸੰਬੰਧ ਵਿੱਚ ਬਚਾਅ।